ਨਸਲੀ ਸਮਾਨਤਾ ਨੂੰ ਉਤਸ਼ਾਹਤ ਕਰਨ **ਲਈ**
**ਮੌਜੂਦਾ ਅਤੇ ਯੋਜਨਾਬੱਧ ਉਪਾਅ**

# ਪ੍ਰਸ਼ਾਸਨ ਲਈ ਮੁੱਖ ਸਕੱਤਰ ਅਤੇ ਵਿੱਤ ਸਕੱਤਰ ਦੇ ਦਫ਼ਤਰ

ਪ੍ਰਸ਼ਾਸਕੀ ਵਿੰਗ (ਐਡਮ ਵਿੰਗ) *(*Administration Wing, Adm Wing)*,* ਸਰਕਾਰੀ ਸੈਕਟਰੀਏਟ ਦੀ ਮਸ਼ੀਨਰੀ ਦੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ-ਕਾਰ ਕਰਨ ਉੱਪਰ ਨਿਗਰਾਨੀ ਕਰਨ ਲਈ ਪ੍ਰਸ਼ਾਸਨ ਦੇ ਮੁੱਖ ਸਕੱਤਰ ਅਤੇ ਵਿੱਤ ਸਕੱਤਰ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ। ਸਾਡੀਆਂ ਜ਼ਿੰਮੇਵਾਰੀਆਂ ਦੇ ਵੱਡੇ ਖਾਕੇ ਵਿਚ, ਅਸੀਂ ਹੇਠ ਲਿਖੀਆਂ ਜਨਤਕ ਸੇਵਾਵਾਂ ਪ੍ਰਦਾਨ ਕਰਦੇ ਹਾਂ –

(i) ਪੁਰਾਲੇਖ ਰਿਕਾਰਡਾਂ ਤੱਕ ਜਨਤਕ ਪਹੁੰਚ ਲਈ ਸੇਵਾਵਾਂ ਪ੍ਰਦਾਨ ਕਰਨ ਲਈ ਗਵਰਨਮੈਂਟ ਰਿਕਾਰਡਜ਼ ਸਰਵਿਸ (ਜੀ ਆਰ ਐਸ) (Government Records Service, GRS);

(ii) ਪ੍ਰਤੀਨਿੱਧਤਾ ਨਾ ਦਿੱਤੇ ਗਏ ਵਾਦੀਆਂ ਲਈ ਦੀਵਾਨੀ ਪ੍ਰਕ੍ਰਿਆ ਦੇ ਮਾਮਿਲਆਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਦਾ ਪ੍ਰਾਵਧਾਨ; ਅਤੇ

(iii) ਪ੍ਰਸ਼ਾਸਕੀ ਨਿਰਣਿਆਂ ਦੇ ਵਿਰੁੱਧ ਦੀਆਂ ਅਪੀਲਾਂ ਨੂੰ ਸੰਭਾਲਣਾ ਜਾਂ ਐਡਮਨਿਸਟ੍ਰੇਟਿਵ ਅਪੀਲਜ਼ ਬੋਰਡ (ਏ ਏ ਬੀ) (Administrative Appeals Board, AAB) ਆਰਡੀਨੈਂਸ (ਕੈਪ. 442) ਅਤੇ ਮਿਉਂਸੀਪਲ ਸਰਵਿਸਜ਼ ਅਪੀਲਜ਼ ਬੋਰਡ (ਐਮ ਐਸ ਏ ਬੀ) (Municipal Services Appeals Board, MSAB) ਆਰਡੀਨੈਂਸ (ਕੈਪ 220) ਦੇ ਅਧਿਕਾਰ ਖੇਤਰ ਦੇ ਅਧੀਨ ਬੋਰਡ ਦੇ ਨਿਰਣਿਆਂ 'ਤੇ ਅਪੀਲ ਕਰਨਾ।

ਜਨਤਾ ਦੇ ਮੈਂਬਰਾਂ ਦੁਆਰਾ ਉਨ੍ਹਾਂ ਦੇ ਨਸਲੀ ਪਿਛੋਕੜ ਦੇ ਸੰਦਰਭ ਦੇ ਬਿਨਾਂ ਉਪਰੋਕਤ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਸਮਰੱਥ ਕਰਨ ਲਈ ਐਡਮ ਵਿੰਗ (Adm Wing) ਦੁਆਰਾ ਉਠਾਏ ਗਏ ਜਾਂ ਉਠਾਏ ਜਾਣ ਵਾਲੇ ਕਦਮ ਹੇਠਾਂ ਦੱਸੇ ਗਏ ਹਨ।

## (i) <u>ਪੁਰਾਲੇਖ ਰਿਕਾਰਡਾਂ ਤੱਕ ਪਹੁੰਚ</u>

ਸਬੰਧਤ ਸੇਵਾਵਾਂ

- ਜੀ ਆਰ ਐਸ (GRS) ਦਾ ਪਬਲਿਕ ਰਿਕਾਰਡਜ਼ ਆਫ਼ਿਸ (ਪੀ ਆਰ ਓ) (Public Records Office, PRO), ਇਸਦੇ ਪੁਰਾਲੇਖ ਸੰਪਤੀਆਂ ਅਤੇ ਹੋਰ ਸੰਗ੍ਰਹਿਆਂ ਦੀ ਵਰਤੋਂ ਅਤੇ ਮੁੜ ਉਤਪਾਦਨ ਲਈ ਜਨਤਾ ਦੇ ਮੈਂਬਰਾਂ ਨੂੰ ਹਵਾਲਗੀ ਸੇਵਾਵਾਂ ਪ੍ਰਦਾਨ ਕਰਦਾ ਹੈ।

ਮੌਜੂਦਾ ਉਪਾਅ

- ਵਿਭਿੰਨ ਨਸਲ ਵਾਲੇ ਲੋਕਾਂ ਦੁਆਰਾ ਇਸਦੀ ਹਵਾਲਗੀ ਸੇਵਾ ਵਿਚ ਸੁਵਿਧਾ ਪ੍ਰਦਾਨ ਕਰਨ ਲਈ, ਪੀ ਆਰ ਓ (PRO) ਨੇ ਵਿਭਿੰਨ ਨਸਲ ਵਾਲੇ ਲੋਕਾਂ ਨੂੰ ਸੂਚਿਤ ਕਰਨ ਲਈ ਰੈਫ਼ਰੈਂਸ ਸਰਵਿਸਜ਼ ਕਾਊਂਟਰ (Reference Services Counter) ਵਿਖੇ ਜਾਣਕਾਰੀ ਉਪਲਬੱਧ ਕਰਵਾਈ ਹੈ ਕਿ ਉਹ ਹਾਂਗ ਕਾਂਗ ਕ੍ਰਿਸਚੀਅਨ ਸਰਵਿਸ (Hong Kong Christian Service) ਦੇ ਅਧੀਨ ਸੈਂਟਰ ਫਾਰ ਹਾਰਮਨੀ ਐਂਡ ਐਂਨਹਾਂਸਮੈਂਟ ਆਫ਼ ਐਥਨਿਕ ਮਾਈਨੋਰਿਟੀ ਰੈਜ਼ੀਡੈਂਟਸ (ਸੀ ਐਚ ਈ ਈ ਆਰ) (Centre for Harmony and Enhancement of Ethnic Minority Residents, CHEER) ਨੂੰ ਅਨੁਵਾਦ ਸੇਵਾ ਪ੍ਰਦਾਨ ਕਰਵਾਉਣ ਲਈ ਕਹਿ ਸਕਦੇ ਹਨ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਪੀ ਆਰ ਓ (PRO) ਇਸ ਦੀਆਂ ਹਵਾਲਾ ਸੇਵਾਵਾਂ ਦੀ ਸਮੀਖਿਆ ਅਤੇ ਸੁਧਾਰਾਂ ਲਈ ਉਨ੍ਹਾਂ ਵਰਤੋਂਕਾਰਾਂ ਤੋਂ ਫੀਡਬੈਕ ਅਤੇ ਸੁਝਾਅ ਪ੍ਰਾਪਤ ਕਰੇਗਾ ਜੋ ਵਿਭਿੰਨ ਨਸਲਾਂ ਨਾਲ ਸਬੰਧਤ ਲੋਕ ਹਨ।

| | | |
|---|---|---|
| ਕੀਤੇ ਗਏ/ਕੀਤੇ ਜਾਣ ਵਾਲੇ ਅਤਿਰਿਕਤ ਉਪਾਅ | • | ਪੀ ਆਰ ਓ (PRO), ਰੈਫ਼ਰੈਂਸ ਸਰਵਿਸ ਕਾਊਂਟਰ (Reference Services Counter) ਵਿਖੇ ਕੰਮ ਕਰ ਰਹੇ ਇਸਦੇ ਅਮਲੇ ਦੀ ਨਸਲੀ ਸੰਵੇਦਨਸ਼ੀਲਤਾ ਨੂੰ ਵਧਾਏਗਾ ਅਤੇ ਜਿਸ ਤਰ੍ਹਾਂ ਲੋੜ ਹੋਏਗੀ ਇਸਦੀਆਂ ਹਵਾਲਗੀ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਵਿਭਿੰਨ ਨਸਲ ਵਾਲੇ ਲੋਕਾਂ ਲਈ ਸਹਾਇਕ ਉਪਾਵਾਂ ਨੂੰ ਮਜ਼ਬੂਤ ਕਰੇਗਾ। |

## (ii) <u>ਪ੍ਰਤੀਨਿੱਧਤਾ ਨਾ ਦਿੱਤੇ ਗਏ ਵਾਦੀਆਂ ਲਈ ਦੀਵਾਨੀ ਪ੍ਰਕ੍ਰਿਆ ਦੇ ਮਾਮਿਲਆਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਦਾ ਪ੍ਰਾਵਧਾਨ</u>

| | | |
|---|---|---|
| ਸਬੰਧਤ ਸੇਵਾਵਾਂ | • | ਦੀਵਾਨੀ ਪ੍ਰਕ੍ਰਿਆਵਾਂ ਉੱਤੇ ਪ੍ਰਤੀਨਿਧਤਾ ਨਾ ਦਿੱਤੇ ਗਏ ਵਾਦੀਆਂ (Unrepresented Litigants on Civil Procedures) ਲਈ ਕਾਨੂੰਨ ਸਲਾਹ ਸਕੀਮ (Legal Advice Scheme) ਦੇ ਅਧੀਨ, ਉਨ੍ਹਾਂ ਪ੍ਰਤੀਨਿੱਧਤਾ ਨਾ ਦਿੱਤੇ ਗਏ ਵਾਦੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਜੋ ਕੁਝ ਅਦਾਲਤਾਂ ਦੇ ਵਿਚ ਕਾਨੂੰਨੀ ਮੁਕੱਦਮਿਆਂ ਨੂੰ ਸ਼ੁਰੂ ਕਰਦੇ ਹਨ ਜਾਂ ਉਨ੍ਹਾਂ ਵਿਚਲੀਆਂ ਧਿਰਾਂ ਹਨ (ਇਨ੍ਹਾਂ ਵਿਚ ਮੁਕੱਦਿਮਆਂ ਨੂੰ ਸ਼ੁਰੂ ਕਰਨਾ ਸ਼ਾਮਲ ਹੈ) ਪਰ ਇਨ੍ਹਾਂ ਵਿਚ ਦੂਜੇ ਟ੍ਰਿਬਿਊਨਲਾਂ ਵਿਚਲੇ ਦੀਵਾਨੀ ਮੁਕੱਦਮੇ ਸ਼ਾਮਲ ਨਹੀਂ ਹਨ। |
| ਮੌਜੂਦਾ ਉਪਾਅ | • | ਪ੍ਰੋਸੀਜਰਲ ਅਡਵਾਇਸ ਸਕੀਮ (Procedural Advice Scheme) ਬਾਰੇ ਉਨ੍ਹਾਂ ਭਾਸ਼ਾਵਾਂ ਵਿਚ ਜਾਣਕਾਰੀ ਪਰਚੇ ਜਿਨ੍ਹਾਂ ਨੂੰ ਵਿਭਿੰਨ ਨਸਲ ਵਾਲੇ ਲੋਕਾਂ ਦੁਆਰਾ ਵਰਤਿਆ ਜਾਂਦਾ ਹੈ, ਐਡਮ ਵਿੰਗ (Adm Wing) ਦੀ ਵੈਬਸਾਇਟ ਦੇ ਅਧੀਨ ਪ੍ਰੋਸੀਜਰਲ ਅਡਵਾਇਸ ਸਕੀਮ (Procedural Advice Scheme) ਵੈਬਪੇਜ਼ ਉੱਪਰ ਉਪਲਬੱਧ ਹਨ। ਪਰਚਿਆਂ ਦੀਆਂ ਕਾਪੀਆਂ ਢੁੱਕਵੇਂ ਗੈਰ-ਸਰਕਾਰੀ ਸੰਗਠਨਾਂ ਨੂੰ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਦੇ ਟੀਚਾਬੱਧ ਸੇਵਾ ਪ੍ਰਾਪਤ ਕਰਤਾ ਮੁੱਖ ਤੋਰ 'ਤੇ ਗ੍ਰਹਿ ਮਾਮਲਿਆਂ ਦੇ ਵਿਭਾਗ (Home Affairs Department) ਰਾਹੀਂ ਆਉਣ ਵਾਲੇ ਵਿਭਿੰਨ ਨਸਲ ਵਾਲੇ ਲੋਕ ਹਨ। |
| | • | ਜਦੋਂ ਪ੍ਰੋਸੀਜਰਲ ਅਡਵਾਇਸ ਸਕੀਮ (Procedural Advice Scheme) ਦੇ ਅਧੀਨ ਮੁਫ਼ਤ ਕਾਨੂੰਨੀ ਸਲਾਹ ਦੇ ਵਰਤੋਂਕਾਰ ਮੁੱਖ ਤੌਰ 'ਤੇ ਉਹ ਲੋਕ ਹਨ ਜੋ ਵਿਭਿੰਨ ਨਸਲ ਵਾਲੇ ਹਨ ਅਤੇ ਇੰਗਲਿਸ਼ ਜਾਂ ਚੀਨੀ ਭਾਸ਼ਾ ਨਹੀਂ ਬੋਲਦੇ, ਸਲਾਹ ਦੇ ਸੈਸ਼ਨ ਵਿਚ ਭਾਗ ਲੈਂਦੇ ਹਨ, ਜਿੱਥੇ ਲੋੜੀਂਦਾ ਅਤੇ ਢੁੱਕਵਾਂ ਹੋਏਗਾ ਅਨੁਵਾਦ ਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਜਾਵੇਗੀ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | ਵਿਭਿੰਨਤਾ ਵਾਲੇ ਵਰਤੋਂਕਾਰਾਂ ਤੋਂ ਪ੍ਰਾਪਤ ਫੀਡਬੈਕ ਅਤੇ ਸੁਝਾਵਾਂ ਨੂੰ ਪ੍ਰੋਸੀਜਰਲ ਅਡਵਾਇਸ ਸਕੀਮ (Procedural Advice Scheme) ਦੇ ਅਧੀਨ ਸੇਵਾ ਦੇ ਨਿਰੰਤਰ ਸੁਧਾਰ ਲਈ ਵਿਚਾਰਿਆ ਜਾਵੇਗਾ। |
| ਕੀਤੇ ਗਏ/ਕੀਤੇ ਜਾਣ ਵਾਲੇ ਅਤਿਰਿਕਤ ਉਪਾਅ | • | ਵਿਭਿੰਨ ਨਸਲ ਵਾਲੇ ਉਹ ਲੋਕ ਜੋ ਇੰਗਲਿਸ਼ ਜਾਂ ਚਾਈਨੀਜ਼ ਨਹੀ ਬੋਲਦੇ ਹਨ, ਲਈ ਪ੍ਰੋਸੀਜਰਲ ਅਡਵਾਇਸ ਸਕੀਮ (Procedural Advice Scheme) ਦੇ ਅਧੀਨ ਸੇਵਾ ਨੂੰ ਪ੍ਰੋਤਸਾਹਤ ਕਰਨ ਲਈ ਢੁੱਕਵੇਂ ਸਰਕਾਰੀ ਵਿਭਾਗਾਂ ਅਤੇ ਗੈਰ-ਸਰਕਾਰੀ ਸੰਗਠਨਾਂ ਤੋਂ ਸਹਾਇਤਾ ਦੀ ਮੰਗ ਕੀਤੀ ਜਾਵੇਗੀ। |

## (iii) <u>ਪ੍ਰਸ਼ਾਸਕੀ ਨਿਰਣਿਆਂ ਦੇ ਵਿਰੁੱਧ ਦੀਆਂ ਅਪੀਲਾਂ ਨੂੰ ਸੰਭਾਲਣਾ ਜਾਂ ਏ ਏ ਬੀ (AAB) ਆਰਡੀਨੈਂਸ ਅਤੇ ਐਮ ਐਸ ਏ ਬੀ (MSAB) ਆਰਡੀਨੈਂਸ ਦੇ ਅਧਿਕਾਰ ਖੇਤਰ ਦੇ ਅਧੀਨ ਅਪੀਲ ਬੋਰਡ ਦੇ ਨਿਰਣਿਆਂ 'ਤੇ ਅਪੀਲ ਕਰਨਾ।</u>

| | | |
|---|---|---|
| ਸਬੰਧਤ ਸੇਵਾਵਾਂ | • | ਏ ਏ ਬੀ (AAB) ਅਤੇ ਐਮ ਐਸ ਏ ਬੀ (MSAB) ਦੋ ਆਜ਼ਾਦਾਨਾ ਵੈਧਾਨਿਕ ਅਦਾਰੇ ਹਨ ਹੋ ਜੋ ਏ ਏ ਬੀ (AAB) ਆਰਡੀਨੈਂਸ, ਐਮ ਐਸ ਏ ਬੀ (MSAB) ਆਰਡੀਨੈਂਸ ਅਤੇ ਹੋਰ ਢੁੱਕਵੇਂ |

ਆਰਡੀਨੈਂਸਾਂ ਦੇ ਪ੍ਰਾਵਧਾਨਾਂ ਦੇ ਅਧੀਨ ਕਿਸੇ ਅਪੀਲਕਰਤਾ ਦੁਆਰਾ ਦਾਖਲ ਕੀਤੀਆਂ ਗਈਆਂ ਅਪੀਲਾਂ ਨੂੰ ਸੁਣਦੇ ਅਤੇ ਨਿਰਣਾ ਕਰਦੇ ਹਨ।

ਮੌਜੂਦਾ ਉਪਾਅ

- ਏ ਏ ਬੀ (AAB) ਜਾਂ ਐਮ ਐਸ ਏ ਬੀ (MSAB) ਕੋਲ ਦਾਖਲ ਕੀਤੀ ਗਈ ਕਿਸੇ ਅਪੀਲ ਦੀ ਸੁਣਵਾਈ ਜਿਸ ਤਰ੍ਹਾਂ ਬੋਰਡ ਠੀਕ ਸੋਚਦਾ ਹੈ ਚਾਈਨੀਜ਼, ਇੰਗਲਿਸ਼ ਜਾਂ ਦੋਵੇਂ ਭਾਸ਼ਾਵਾਂ ਵਿਚ ਕੀਤੀ ਜਾ ਸਕਦੀ ਹੈ। ਫਿਰ ਵੀ ਅਪੀਲ ਦੀ ਕੋਈ ਧਿਰ ਜਾਂ ਕਿਸੇ ਅਪੀਲ ਦੀ ਸੁਣਵਾਈ ਵਿਖੇ ਪ੍ਰਤੀਨਿੱਧਤਾ ਕਰਦਾ ਕੋਈ ਵਿਅਕਤੀ, ਬੋਰਡ ਨੂੰ ਕਿਸੇ ਵੀ ਭਾਸ਼ਾ ਵਿਚ ਸੰਬੋਧਿਤ ਹੋ ਸਕਦਾ ਹੈ; ਅਤੇ ਬੋਰਡ ਦੇ ਸਾਹਮਣੇ ਗਵਾਹੀ ਦੇ ਰਿਹਾ ਕੋਈ ਗਵਾਹ ਕਿਸੇ ਵੀ ਭਾਸ਼ਾ ਵਿਚ ਗਵਾਹੀ ਦੇ ਸਕਦਾ ਹੈ। ਜਿੱਥੇ ਢੁੱਕਵਾਂ ਅਤੇ ਵਿਵਹਾਰਕ ਹੋਏਗਾ, ਏ ਏ ਬੀ (AAB) ਜਾਂ ਐਮ ਐਸ ਏ ਬੀ (MSAB) ਦੀ ਸੈਕਟਰੀਏਟ ਸੁਣਵਾਈ ਦੇ ਲਈ ਨਾਲ-ਨਾਲ ਚੱਲਣ ਵਾਲੀ ਦੁਭਾਸ਼ੀਆ ਸੇਵਾ ਦਾ ਪ੍ਰਬੰਧ ਕਰੇਗੀ।

- ਵਿਭਿੰਨ ਨਸਲ ਵਾਲੇ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚ ਜਾਣਕਾਰੀ ਐਡਮ ਵਿੰਗ (Adm Wing) ਦੀ ਵੈਬਸਾਇਟ ਦੇ ਅਧੀਨ ਏ ਏ ਬੀ (AAB) ਅਤੇ ਐਮ ਐਸ ਏ ਬੀ (MSAB) ਦੇ ਵੈਬਪੇਜ਼ਾਂ ਉੱਪਰ ਉਪਲਬੱਧ ਹੈ ਅਤੇ ਅਪੀਲਜ਼ ਬੋਰਡ ਸੈਕਟਰੀਏਟ (Appeals Board Secretariat) ਦੇ ਰਿਸੈਪਸ਼ਨ ਕਾਊਂਟਰ ਉੱਪਰ ਪ੍ਰਦਰਸ਼ਿਤ ਹੈ ਤਾਂ ਜੋ ਜਿਵੇਂ ਅਤੇ ਜਦੋਂ ਜ਼ਰੂਰਤ ਹੋਏ ਅਨੁਵਾਦ ਸੇਵਾਵਾਂ ਦੇ ਲਈ ਹਾਂਗ ਕਾਂਗ ਕ੍ਰਿਸਚੀਅਨ ਸਰਵਿਸ (Hong Kong Christian Service) ਦੇ ਅਧੀਨ ਸੀ ਐਚ ਈ ਈ ਆਰ (CHEER) ਤੋਂ ਸਹਾਇਤਾ ਪ੍ਰਾਪਤ ਕਰਨ ਲਈ ਵਿਭਿੰਨ ਨਸਲ ਵਾਲੇ ਲੋਕਾਂ ਨੂੰ ਸਮਰੱਥ ਕੀਤਾ ਜਾ ਸਕੇ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਅਪੀਲਜ਼ ਬੋਰਡ ਸੈਕਟਰੀਏਟ (Appeals Board Secretariat), ਏ ਏ ਬੀ (AAB) ਜਾਂ ਐਮ ਐਸ ਏ ਬੀ (MSAB) ਨੂੰ ਅਪੀਲਾਂ ਕਰਨ ਲਈ ਸੇਵਾ ਵਿਚ ਨਿਰੰਤਰ ਸੁਧਾਰ ਲਈ ਬੋਰਡ ਮੈਂਬਰਾਂ ਅਤੇ ਵਿਭਿੰਨ ਨਸਲ ਵਾਲੇ ਲੋਕਾਂ ਤੋਂ ਪ੍ਰਾਪਤ ਫੀਡਬੈਕ/ਸੁਝਾਵਾਂ ਨੂੰ ਇਕੱਤਰ ਕਰੇਗਾ ਅਤੇ ਵਿਚਾਰੇਗਾ।

ਕੀਤੇ ਗਏ/ਕੀਤੇ ਜਾਣ ਵਾਲੇ ਅਤਿਰਿਕਤ ਉਪਾਅ

- ਅਪੀਲਜ਼ ਬੋਰਡ ਸੈਕਟਰੀਏਟ (Appeals Board Secretariat) ਦੇ ਸਟਾਫ਼ ਦੁਆਰਾ ਨਸਲੀ ਬਰਾਬਰੀ ਨਾਲ ਸਬੰਧਤ ਮੁੱਦਿਆਂ 'ਤੇ ਉਨ੍ਹਾਂ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਵਲ ਸਰਵਿਸ ਟ੍ਰੇਨਿੰਗ ਐਂਡ ਡਿਵੈਲਪਮੈਂਟ ਇੰਸਟੀਚਿਊਟ (Civil Service Training and Development Institute) ਅਤੇ ਇਕੁਅਲ ਆਪਰਚਿਊਨਟੀਜ਼ ਕਮਿਸ਼ਨ (Equal Opportunities Commission) ਦੁਆਰਾ ਸੰਯੋਜਿਤ ਨਸਲੀ ਵਿਤਕਰੇ ਦੇ ਆਰਡੀਨੈਂਸ (Racial Discrimination Ordinance) (ਕੈਪ. 602) ਅਤੇ ਉਸ ਨਾਲ ਸਬੰਧਤ ਦਿਸ਼ਾ ਨਿਰਦੇਸ਼ਾਂ 'ਤੇ ਬਣੇ ਸਿਖਲਾਈ ਕੋਰਸਾਂ ਵਿਚ ਭਾਗ ਲੈਣ ਲਈ ਪ੍ਰਬੰਧ ਕੀਤਾ ਜਾਵੇਗਾ।

ਪੁੱਛ-ਗਿੱਛ ਅਤੇ ਫੀਡਬੈਕ ਲਈ ਕਿਰਪਾ ਕਰਕੇ ਐਡਮ ਵਿੰਗ (Adm wing) Mr KOO Chor-shingਦੇ ਚੀਫ਼ ਐਗਜ਼ੀਕਿਊਟਿਵ ਅਫ਼ਸਰ (ਪ੍ਰਸ਼ਾਸਨ) (Chief Executive Officer, Administration) 2 ਨਾਲ ਸੰਪਰਕ ਕਰੋ -

| | | |
|---|---|---|
| ਟੈਲੀਫ਼ੋਨ | : | 2810 2878 |
| ਫੈਕਸ | : | 2524 7103 |
| ਈਮੇਲ | : | admwing@cso.gov.hk |


**ਪ੍ਰਸ਼ਾਸਨ ਲਈ ਮੁੱਖ ਸਕੱਤਰ ਅਤੇ**
**ਵਿੱਤ ਸਕੱਤਰ ਦੇ ਦਫ਼ਤਰ**
**ਮਈ 2023**